(This question paper contains 2 printed pages)

Roll No.

Sl. No of Question Paper: 5456

Unique Paper Code: 212552

E

Name of the Paper: Punjabi Discipline B

Name of the Course: B. A. (Prog.) Punjabi Discipline

Semester: V

Time: 3 Hours

Max. Marks: 75

Time : 3 Hours

Maximum Marks : 75

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. ਨਾਟਕ 'ਕਲ੍ਹ, ਅੱਜ ਤੇ ਭਲਕ' ਦੀਆਂ ਨਾਟਕੀ-ਜੁਗਤਾਂ ਬਾਰੇ ਦਸੋ। (15)

**ਜਾਂ**

ਨਾਟਕ 'ਕਲ੍ਹ, ਅੱਜ ਤੇ ਭਲਕ' ਦੀ ਮੂਲ ਸਮੱਸਿਆ ਉਪਰ ਆਲੋਚਨਾਤਮਕ ਟਿੱਪਣੀ ਕਰੋ।

2. ਨਾਟਕ 'ਕਲ੍ਹ, ਅੱਜ ਤੇ ਭਲਕ' ਦੇ ਹੇਠ ਲਿਖੇ ਪਾਤਰਾਂ ਵਿਚੋਂ ਕਿਸੇ **ਦੋ** ਦਾ ਪਾਤਰ-ਚਿੱਤਰਣ ਕਰੋ : (10)

(ੳ) ਗੁਰਾਂ

(ਅ) ਮਹੰਤ

(ੲ) ਜ਼ੈਲਦਾਰ

3. ਹੇਠ ਲਿਖਿਆਂ ਕਾਵਿ-ਬੰਦਾਂ ਵਿਚੋਂ ਕਿਸੇ **ਇਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : (15)

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥
ਮਤੁ ਦੇਖ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥੧॥

**ਜਾਂ**

ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰ ਨਾਨਕ ਜਗ ਮਾਹਿ ਪਠਾਯਾ॥
ਚਰਨ ਧੋਇ ਰਹਿਰਾਸ ਕਰਿ ਚਰਨਾਮ੍ਰਿਤ ਸਿਖਾਂ ਪੀਲਾਯਾ॥ (ਵਾਰ 1, ਪਉੜੀ 23)

**ਜਾਂ**

P.T.O.

ਮੈਨੂੰ ਬਾਬਲ ਕੀ ਕਸਮ ਹੈ ਰਾਂਝਣਾਂ ਵੇ, ਮਰੇ ਮਾਉਂ ਜੇ ਤੁੱਧ ਥੀਂ ਮੁੱਖ ਮੋੜਾਂ।
ਤੇਰੇ ਬਾਝ ਤੁਆਮ ਹਰਾਮ ਮੈਨੂੰ, ਤੁਧ ਬਾਝ ਨਾ ਨੈਣ ਨਾ ਅੰਗ ਜੋੜਾਂ।

4. ਮੱਧਕਾਲੀ ਪੰਜਾਬੀ ਸੂਫ਼ੀ-ਕਵਿਤਾ ਵਿਚੋਂ ਕਿਸੇ **ਦੋ** ਸੂਫ਼ੀ ਕਵੀਆਂ ਨਾਲ ਜਾਣ-ਪਛਾਣ ਕਰਾਉ। (10)

**ਜਾਂ**

ਮੱਧਕਾਲੀ ਪੰਜਾਬੀ ਕਵਿਤਾ ਦੇ ਵਿਕਾਸ ਦੇ ਵਿਭਿੰਨ ਪੜਾਵਾਂ ਉਪਰ ਚਾਨਣਾ ਪਾਉ।

5. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ : (5)
(ੳ) ਵਿਚ ਜਾ ਕੇ ਅਦਾਲਤਾਂ ਵਿਚ ਲੱਭਣਾ ਇਨਸਾਫ਼ ਬੜਾ ਔਖਾ ਹੈ।
(ਅ) ਬਹੁਤ ਪ੍ਰਭਾਵਸ਼ਾਲੀ ਨਾਨਕ ਪ੍ਰਤਿਭਾ ਦਾ ਮਾਲਕ ਸੀ।
(ੲ) ਪ੍ਰਯੋਗ ਹਨ ਪੰਜਾਬੀ ਬੋਲੀ ਲਹਿੰਦੀ, ਬ੍ਰਿਜ ਦੇ।
(ਸ) ਮਨੁੱਖ ਸਭਿਆਚਾਰ ਨਾਲ ਦੀ ਸਾਰਥਕਤਾ ਦਾ ਸੰਦਰਭ ਹੀ ਜੁੜਿਆ ਹੈ।
(ਹ) ਅਸੀਂ ਜੀਵਨ ਜੀ ਰਹੇ ਕਿਹੋ ਜਿਹਾ ਹਾਂ ?

6. ਕਹਾਣੀ-ਰਚਨਾ ਦੇ ਪ੍ਰਮੁੱਖ ਤੱਤਾਂ ਨੂੰ ਧਿਆਨ ਵਿਚ ਰਖਦਿਆਂ ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਉਪਰ ਲਘੂ-ਕਹਾਣੀ ਲਿਖੋ : (5)
ਕੁਸੰਗਤ ਦਾ ਫ਼ਲ, ਯਾਰ-ਮਾਰ, ਮਨ ਦੀ ਸ਼ਾਂਤੀ

7. ਕਿਸੇ ਪੰਜਾਬੀ ਅਖ਼ਬਾਰ ਲਈ 'ਪੁਰਾਣਾ ਮੋਬਾਈਲ ਫ਼ੋਨ' ਜਾਂ 'ਪੁਰਾਣਾ ਲੈਪਟਾਪ' ਵੇਚਣ ਸੰਬੰਧੀ ਵਿਗਿਆਪਨ ਲਿਖੋ। (5)

8. ਸ਼ਬਦ-ਸ਼ਕਤੀਆਂ ਕਿੰਨੇ ਪ੍ਰਕਾਰ ਦੀਆਂ ਹੁੰਦੀਆਂ ਹਨ ? ਸਾਹਿਤ-ਰਚਨਾ ਵਿਚ ਇਨ੍ਹਾਂ ਦੀ ਕੀ ਉਪਯੋਗਤਾ ਹੈ ? (5)

9. ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਕੋਈ ਢੁੱਕਵਾਂ ਸਿਰਲੇਖ ਵੀ ਦਸੋ : (5)
"ਅਧਿਆਪਕ ਆਮ ਇਨਸਾਨ ਹੁੰਦੇ ਹੋਈ ਵੀ ਵੱਖ ਸ਼ਖ਼ਸੀਅਤ ਦਾ ਮਾਲਕ ਹੁੰਦਾ ਹੈ। ਉਹ ਪੜ੍ਹਿਆ ਲਿਖਿਆ, ਸਮਾਜ ਦੇ ਹੋਰਨਾਂ ਲੋਕਾਂ ਨਾਲੋਂ ਰਤਾ ਵੱਧ ਸਿਆਣਾ, ਸਾਦਾ, ਸਾਫ਼ ਸਪੱਸ਼ਟ ਤੇ ਇਮਾਨਦਾਰ ਇਨਸਾਨ ਹੁੰਦਾ ਹੈ। ਉਹ ਜ਼ੁਬਾਨ ਦਾ ਮਿੱਠਾ, ਵਚਨ ਦਾ ਪੱਕਾ ਤੇ ਇਰਾਦੇ ਦਾ ਮਜ਼ਬੂਤ ਹੁੰਦਾ ਹੈ। ਉਹ ਜਾਣਦਾ ਹੈ ਕਿ ਸਮਾਜ ਇਸ ਤੋਂ ਵੱਧ ਉਸ ਨੂੰ ਕੀ ਇੱਜ਼ਤ ਦੇ ਸਕਦਾ ਹੈ ਜਦੋਂ ਉਹ ਆਪਣੇ ਭੋਲੇ-ਭਾਲੇ, ਨਿੱਕੇ-ਨਿੱਕੇ, ਅੱਖਾਂ ਦੇ ਨੂਰ ਜਿਗਰ ਦੇ ਟੁੱਕੜਿਆਂ ਅਰਥਾਤ ਬੱਚਿਆਂ ਨੂੰ ਉਸਦੇ ਸਪੁਰਦ ਕਰਕੇ

ਬਿਲਕੁਲ ਬੇਫ਼ਿਕਰ ਹੋ ਜਾਂਦਾ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਸਮਾਜ ਉਸ ਉੱਤੇ ਯਕੀਨ ਰੱਖਦਾ ਹੈ, ਉਸ ਉੱਤੇ ਭਰੋਸਾ ਕਰਦਾ ਹੈ ਕਿ ਜੋ ਵੀ ਉਹ ਬੱਚਿਆਂ ਨੂੰ ਦੱਸੇਗਾ, ਜਿਹੜੀਆਂ ਵੀ ਆਦਤਾਂ ਉਨ੍ਹਾਂ ਵਿਚ ਪਾਵੇਗਾ, ਉਹ ਬੱਚਿਆਂ ਅਤੇ ਮਾਪਿਆਂ ਦੋਹਾਂ ਵਾਸਤੇ ਲਾਭਦਾਇਕ ਹੋਣਗੀਆਂ। ਮਾਪੇ ਜਾਣਦੇ ਹਨ ਕਿ ਅਧਿਆਪਕ ਦੇ ਹੁੰਦਿਆਂ ਬੱਚਿਆਂ ਨੂੰ ਕੋਈ ਖ਼ਤਰਾ ਨਹੀਂ, ਡਰ ਨਹੀਂ, ਚਿੰਤਾ ਨਹੀਂ। ਅਧਿਆਪਕ ਬੱਚਿਆਂ ਦਾ ਰਾਖਾ ਵੀ ਹੈ ਤੇ ਰਹਿਬਰ ਵੀ ਹੈ। ਕੋਈ ਵੀ ਬੰਦਾ ਕੌਮ ਨੂੰ, ਉਸ ਦੇ ਬੱਚਿਆਂ ਨੂੰ ਸਿੱਖਿਆ ਦੇਣ, ਉਨ੍ਹਾਂ ਵਿਚ ਚੰਗੇ, ਇੱਜ਼ਤਦਾਰ, ਜ਼ੁੰਮੇਵਾਰ, ਪੜ੍ਹੇ ਲਿਖੇ, ਸੁਤੰਤਰਤਾ ਅਤੇ ਪਰਜਾਤੰਤਰ ਦੇ ਉੱਚੇ ਆਦਰਸ਼ਾਂ ਵਾਲੇ ਸ਼ਹਿਰੀ ਗੁਣ ਪੈਦਾ ਕਰਨ ਤੋਂ ਚੰਗੇਰੀ ਚੀਜ਼ ਕੀ ਦੇ ਸਕਦਾ ਹੈ। ਕਿੱਡਾ ਮਹਾਨ ਅਤੇ ਮਹੱਤਵਪੂਰਨ ਕੰਮ ਹੈ ਜੋ ਅਧਿਆਪਕ ਕਰਦਾ ਹੈ। ਕੰਮ ਦੇ ਮਹੱਤਵ ਦਾ ਅਹਿਸਾਸ ਹੀ ਅਧਿਆਪਕ ਨੂੰ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰਨ ਦੀ ਤੇ ਬੱਚਿਆਂ ਦੇ ਸਾਹਮਣੇ ਆਪਣੀ ਮਿਸਾਲ ਚੰਗੇ ਆਦਰਸ਼ ਇਨਸਾਨ ਦੇ ਰੂਪ ਵਿਚ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਇਸ ਲਈ ਅਧਿਆਪਕ ਉਹ ਇਨਸਾਨ ਹੈ ਜੋ ਜ਼ਿੰਦਗੀ ਭਰ ਪੜ੍ਹਦਾ ਰਹਿੰਦਾ ਹੈ।''

—0—